Helping Kids with Physical Disabilities Succeed
Aider les jeunes handicapés physiques à réussir

Holland Bloorview
Kids Rehabilitation Hospital

ONTARIO ASSOCIATION OF CHILDREN'S REHABILITATION SERVICES

# ਈਸਟਰ ਸੀਲਜ ਓਨਟਾਰੀਓ

## ਹਸਪਤਾਲ ਜਾਂ ਸੰਭਾਲ ਅਤੇ ਇਲਾਜ ਪ੍ਰੋਗਰਾਮਾਂ ਤੋਂ ਘਰ ਜਾਂ ਸਕੂਲ ਵਿੱਚ ਪਰਿਵਰਤਨਾਂ ਵਾਸਤੇ ਮਾਪੇ ਲਈ ਨੁਕਤੇ

ਅਪੰਗਤਾਵਾਂ ਜਾਂ ਸੇਹਤ ਮੁੱਦਿਆਂ ਵਾਲੇ ਕੁਝ ਵਿਦਿਆਰਥੀਆਂ ਨੂੰ ਸਰਜਰੀ ਜਾਂ ਇਲਾਜ ਦੀ ਲੋੜ ਹੋ ਸਕਦੀ ਹੈ। ਇਸਦਾ ਸਿੱਟਾ ਸਮੇਂ ਦੀ ਇੱਕ ਲੰਬੀ ਮਿਆਦ ਵਾਸਤੇ ਤੁਹਾਡੇ ਬੱਚੇ ਦੇ ਕਿਸੇ ਹਸਪਤਾਲ ਜਾਂ ਇਲਾਜ ਸੁਵਿਧਾ ਵਿੱਚ ਹੋਣ ਦੇ ਰੂਪ ਵਿੱਚ ਨਿਕਲ ਸਕਦਾ ਹੈ। ਸੰਭਾਲ ਅਤੇ ਇਲਾਜ ਦੇ ਪ੍ਰੋਗਰਾਮਾਂ ਦੀ ਲੋੜ ਪੈ ਸਕਦੀ ਹੈ ਜੇਕਰ ਤੁਹਾਡੇ ਬੱਚੇ ਨੂੰ ਸਰਜਰੀ ਦੇ ਬਾਅਦ ਮੁੜ-ਵਸੇਬੇ ਦੀ ਮਿਆਦ ਦੀ ਲੋੜ ਪੈਂਦੀ ਹੈ ਜਾਂ ਫਿਰ ਵਿਸ਼ੇਸ਼ ਇਲਾਜ ਵਾਸਤੇ।

### ਨੁਕਤਾ 1



**ਜਾਣਕਾਰੀ ਸਾਂਝੀ ਕਰਨ ਵਾਸਤੇ ਸਹਿਮਤੀ:**

ਨਿੱਜੀ ਜਾਣਕਾਰੀ ਸੁਰੱਖਿਆ ਅਤੇ ਇਲੈਕਟਰਾਨਿਕਸ ਦਸਤਾਵੇਜ਼ ਕਾਨੂੰਨ (PIPEDA) ਅਤੇ ਪਰਦੇਦਾਰੀ ਕਾਨੂੰਨ ਤੁਹਾਡੀ ਪਰਦੇਦਾਰੀ ਦੀ ਰੱਖਿਆ ਕਰਨ ਵਾਸਤੇ ਹਨ। ਪਰ ,ਇਹ ਅਦਾਰਿਆਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਵਿੱਚ ਰੁਕਾਵਟ ਦੀ ਸਿਰਜਣਾ ਕਰ ਸਕਦੇ ਹਨ।

1. ਪੁੱਛੋ ਕਿ ਕੀ ਤੁਹਾਡੇ ਬੱਚੇ ਦਾ ਇਲਾਜ ਪ੍ਰਦਾਨ ਕਰਨ ਵਾਲਿਆਂ ਅਤੇ ਸਕੂਲ ਪ੍ਰੋਗਰਾਮਾਂ ਵਿਚਕਾਰ ਅਜਿਹੇ ਇਕਰਾਰਨਾਮੇ ਹਨ ਜੋ ਜਾਣਕਾਰੀ ਨੂੰ ਸਾਂਝੀ ਕਰਨ ਦੇ ਯੋਗ ਬਣਾਉਣਗੇ
2. ਜਾਣਕਾਰੀ ਸਾਂਝੀ ਕਰਨ ਵਾਸਤੇ ਸਹਿਮਤੀ ਦੇਣ ਲਈ ਸਬੰਧਿਤ ਫਾਰਮਾਂ ਦੀ ਸਮੀਖਿਆ ਕਰੋ ਅਤੇ ਇਹਨਾਂ 'ਤੇ ਦਸਤਖ਼ਤ ਕਰੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਹੇਠ ਲਿਖੇ ਨੂੰ ਸਮਝਦੇ ਹੋਵੇਂ:
   a. ਤੁਸੀਂ ਕਿਸ ਚੀਜ਼ 'ਤੇ ਦਸਤਖ਼ਤ ਕਰ ਰਹੇ ਹੋ ਜਾਂ ਕਿਸ ਚੀਜ਼ ਨਾਲ ਸਹਿਮਤ ਹੋ ਰਹੇ ਹੋ,
   b. ਜਾਣਕਾਰੀ ਕਿਸ ਨਾਲ ਸਾਂਝੀ ਕੀਤੀ ਜਾਵੇਗੀ

### ਨੁਕਤਾ 2



**ਅਗਾਊਂ ਯੋਜਨਾ ਬਣਾਓ:**

ਜਦ ਤੁਸੀਂ ਸਮੇਂ ਤੋਂ ਪਹਿਲਾਂ ਹਸਪਤਾਲ ਭਰਤੀ ਹੋਣ (ਜਾਂ ਇਲਾਜ ਪ੍ਰੋਗਰਾਮ) ਬਾਰੇ ਜਾਣਦੇ ਹੋ ਤਾਂ :

1. ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਕੀ ਕੁਝ ਵਾਪਰੇਗਾ ਅਤੇ ਸਰਜਰੀ ਦੇ ਬਾਅਦ ਜਾਂ ਇਲਾਜ ਦੇ ਦੌਰਾਨ ਉਹ ਕਿਸ ਤਰ੍ਹਾਂ ਮਹਿਸੂਸ ਕਰ ਸਕਦੇ ਹਨ
2. ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਇਸ ਗੱਲ ਦੀ ਪਛਾਣ ਕਰੋ ਕਿ ਹਸਪਤਾਲ ਭਰਤੀ ਹੋਣ ਦੌਰਾਨ ਅਤੇ ਬਾਅਦ ਵਿੱਚ ਤੁਹਾਡਾ ਬੱਚਾ ਕੀ ਕਰਨ ਦੇ ਯੋਗ ਹੋ ਸਕਦਾ ਹੈ
3. ਉਸ ਸਕੂਲੀ ਕੰਮ ਦੀ ਬੇਨਤੀ ਕਰੋ ਜਿਸਨੂੰ ਉਸ ਸਮੇਂ ਕੀਤਾ ਜਾ ਸਕਦਾ ਹੈ ਜਦ ਤੁਹਾਡਾ ਬੱਚਾ ਸਕੂਲ ਤੋਂ ਬਾਹਰ ਹੈ
4. ਇਸ ਗੱਲ 'ਤੇ ਵਿਚਾਰ ਕਰੋ ਕਿ ਕੀ ਸਰਜਰੀ ਜਾਂ ਇਲਾਜ ਬਾਰੇ ਜਮਾਤ ਵਿਚਲੇ ਹੋਰ ਬੱਚਿਆਂ ਨਾਲ ਗੱਲ ਕਰਨਾ ਮਦਦਗਾਰੀ ਹੋਵੇਗਾ
5. ਉਹਨਾਂ ਤਰੀਕਿਆਂ ਦੀ ਪਛਾਣ ਕਰੋ ਜਿੰਨ੍ਹਾਂ ਨਾਲ ਤੁਹਾਡਾ ਬੱਚਾ ਸਕੂਲ ਦੇ ਸਾਥੀਆਂ ਦੇ ਸੰਪਰਕ ਵਿੱਚ ਰਹਿ ਸਕਦਾ ਹੈ, ਜਿਸ ਵਿੱਚ ਈਮੇਲਾਂ, ਲਿਖਤੀ ਸੰਦੇਸ਼ਾਂ, ਜਾਂ Skype ਰਾਹੀਂ ਸੰਚਾਰ ਸ਼ਾਮਲ ਹੋ ਸਕਦੇ ਹਨ

## ਨੁਕਤਾ 3



**ਸੰਭਾਲ ਅਤੇ ਇਲਾਜ ਦੇ ਪ੍ਰੋਗਰਾਮਾਂ ਵਿੱਚ ਹੋਣ ਦੌਰਾਨ ਜਾਂ ਹਸਪਤਾਲ ਵਿੱਚ ਹੋਣ ਦੌਰਾਨ ਸਕੂਲੀ ਪ੍ਰੋਗਰਾਮ**

ਉਹ ਬੱਚੇ ਅਤੇ ਨੌਜਵਾਨ ਜੋ ਸੰਭਾਲ ਅਤੇ ਇਲਾਜ ਦੀਆਂ ਸੁਵਿਧਾਵਾਂ ਜਾਂ ਹਸਪਤਾਲਾਂ ਵਿੱਚ ਰਿਹਾਇਸ਼ੀ ਜਾਂ ਦੈਨਿਕ ਇਲਾਜ ਸੇਵਾਵਾਂ ਪ੍ਰਾਪਤ ਕਰ ਰਹੇ ਹਨ ,ਅਤੇ ਜੋ ਸਥਾਨਕ ਸਕੂਲ ਬੋਰਡ ਵਿਖੇ ਸਕੂਲ ਵਿੱਚ ਹਾਜ਼ਰੀ ਭਰਨ ਦੇ ਅਯੋਗ ਹਨ ,ਉਹ ਇਲਾਜ ਪ੍ਰਦਾਨ ਕਰਾ ਰਹੀ ਸੁਵਿਧਾ ਵਿੱਚ ਸਕੂਲ ਅਥਾਰਟੀ ਜਾਂ ਸੈਕਸ਼ਨ 23 ਪ੍ਰੋਗਰਾਮਾਂ ਵਿੱਚ ਹਾਜ਼ਰੀ ਭਰ ਸਕਦੇ ਹਨ। ਠਹਿਰਾਓ ਦੀ ਮਿਆਦ ਅਤੇ ਦਾਖਲਾ ਡਾਕਟਰੀ ਅਤੇ ਚਿਕਿਤਸਾ ਦੀਆਂ ਲੋੜਾਂ ਅਤੇ ਮੁੜ-ਸੇਹਤਯਾਬੀ ਦੀ ਦਰ 'ਤੇ ਨਿਰਭਰ ਕਰਦੇ ਹਨ। ਮਾਪੇ ਲਈ ਨੁਕਤਿਆਂ ਵਿੱਚ ਸ਼ਾਮਲ ਹਨ:

1. ਉਸ ਸਿੱਖਿਆ ਪ੍ਰੋਗਰਾਮ ਬਾਰੇ ਸਵਾਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਪ੍ਰਦਾਨ ਕੀਤਾ ਜਾਵੇਗਾ
2. ਪਤਾ ਕਰੋ ਕਿ ਚਿਕਿਤਸਾ ਅਤੇ ਡਾਕਟਰੀ ਇਲਾਜ ਕਿਸ ਤਰ੍ਹਾਂ ਸਕੂਲੀ ਦਿਨ ਦੇ ਅੰਦਰ ਪ੍ਰਦਾਨ ਕੀਤੇ ਜਾਣਗੇ
3. ਆਪਣੇ ਬੱਚੇ ਦੇ ਰਿਪੋਰਟ ਕਾਰਡਾਂ ਦੀਆਂ ਕਾਪੀਆਂ, ਵਿਅਕਤੀਗਤ ਸਿੱਖਿਆ ਯੋਜਨਾ (IEP) ਅਤੇ ਕਿਸੇ ਵੀ ਜਾਣਕਾਰੀ ਨੂੰ ਸਾਂਝਾ ਕਰੋ ਜਿਸਨੂੰ ਸਕੂਲ ਦੁਆਰਾ ਪ੍ਰਦਾਨ ਕੀਤਾ ਗਿਆ ਹੈ
4. ਪਤਾ ਕਰੋ ਕਿ ਤੁਸੀਂ ਕਿਸ ਤਰ੍ਹਾਂ ਸੰਮਿਲਤ ਹੋ ਸਕਦੇ ਹੋ ਅਤੇ ਆਪਣੇ ਬੱਚੇ ਦੀ ਸਹਾਇਤਾ ਕਰ ਸਕਦੇ ਹੋ
5. ਇਲਾਜ ਖਤਮ ਹੋਣ 'ਤੇ ਸਕੂਲ ਤੋਂ ਬਾਹਰ ਪਰਿਵਰਤਨ ਵਾਸਤੇ ਅਮਲ ਬਾਬਤ ਪੁੱਛੋ

## ਨੁਕਤਾ 4



**ਹਸਪਤਾਲ ਜਾਂ ਇਲਾਜ ਦੇ ਪ੍ਰੋਗਰਾਮ ਨੂੰ ਛੱਡਣ ਲਈ ਯੋਜਨਾ ਬਣਾਉਣਾ:**

ਜ਼ਿਆਦਾਤਰ ਹਸਪਤਾਲ ਅਤੇ ਇਲਾਜ ਦੀਆਂ ਸੁਵਿਧਾਵਾਂ ਕੋਲ ਛੁੱਟੀ ਦੇਣ ਵਾਲਾ ਅਮਲਾ ਹੁੰਦਾ ਹੈ ਜੋ ਤੁਹਾਡੇ ਬੱਚੇ ਦੀ ਛੁੱਟੀ ਦਾ ਇੰਤਜ਼ਾਮ ਕਰਨ ਅਤੇ ਵਾਪਸ ਸਕੂਲ ਵਿੱਚ ,ਜਾਂ ਘਰ ਵਿਖੇ ਮੁੜ-ਸੇਹਤਯਾਬੀ ਦੀ ਮਿਆਦ ਵਾਸਤੇ ਉਹਨਾਂ ਦੇ ਪਰਿਵਰਤਨ ਲਈ ਜ਼ਿੰਮੇਵਾਰ ਹੋਵੇਗਾ।

1. ਹਸਪਤਾਲ ਜਾਂ ਇਲਾਜ ਦੇ ਪ੍ਰੋਗਰਾਮ ਨੂੰ ਛੱਡਣ ਦੀ ਤਾਰੀਖ਼ ਤੋਂ ਕਾਫੀ ਪਹਿਲਾਂ ਇੱਕ ਬੈਠਕ ਤੈਅ ਕਰੋ
2. ਤੁਹਾਡੇ ਬੱਚੇ ਨਾਲ ਸੰਮਿਲਤ ਸਾਰੇ ਪ੍ਰਮੁੱਖ ਲੋਕਾਂ ਨੂੰ ਸੱਦਾ ਦਿਓ – ਜਦ ਹਰ ਕੋਈ ਇੱਕੋ ਬੈਠਕ ਵਿੱਚ ਹੁੰਦਾ ਹੈ ਤਾਂ ਉਹ ਇੱਕੋ ਜਾਣਕਾਰੀ ਨੂੰ ਸੁਣ ਸਕਦੇ ਹਨ ਅਤੇ ਉਹਨਾਂ ਨੂੰ ਸਵਾਲ ਪੁੱਛਣ, ਸੁਝਾਅ ਪ੍ਰਦਾਨ ਕਰਨ ਅਤੇ ਇੱਕ ਯੋਜਨਾ ਵਿਕਸਤ ਕਰਨ ਦਾ ਮੌਕਾ ਮਿਲ ਸਕਦਾ ਹੈ

## ਨੁਕਤਾ 5



**ਪਰਿਵਰਤਨ ਯੋਜਨਾਬੰਦੀ ਬੈਠਕ ਵਿਖੇ:**

ਪਰਿਵਰਤਨ (ਛੁੱਟੀ) ਬੈਠਕ ਵਿਖੇ ,ਹਸਪਤਾਲ ਜਾਂ ਪ੍ਰੋਗਰਾਮ ਦਾ ਅਮਲਾ ਤੁਹਾਡੇ ਬੱਚੇ ਅਤੇ ਉਸਦੀਆਂ ਵਰਤਮਾਨ ਲੋੜਾਂ ਬਾਬਤ ਜਾਣਕਾਰੀ ਸਾਂਝੀ ਕਰੇਗਾ।

1. ਪੁੱਛੋ ਕਿ ਕੀ ਤੁਹਾਡਾ ਬੱਚਾ ਸਕੂਲ ਵਾਪਸ ਆ ਸਕਦਾ ਹੈ ਜਾਂ ਕੀ ਉਸਨੂੰ ਘਰ ਵਿਖੇ ਮੁੜ-ਸੇਹਤਯਾਬੀ ਦੇ ਸਮੇਂ ਦੀ ਲੋੜ ਹੈ
2. ਪੁੱਛੋ ਕਿ ਤੁਹਾਡੇ ਬੱਚੇ ਨੂੰ ਮੁੜ ਸੇਹਤਯਾਬ ਹੋਣ ਨੂੰ ਕਿੰਨਾ ਸਮਾਂ ਲੱਗੇਗਾ ਅਤੇ ਕੀ ਘਰ ਜਾਂ ਸਕੂਲ ਵਿਖੇ ਤੁਹਾਡੇ ਬੱਚੇ ਦੀਆਂ ਸਰਗਰਮੀਆਂ ਦੀਆਂ ਕੋਈ ਸੀਮਾਵਾਂ ਹੋਣਗੀਆਂ
3. ਪਤਾ ਕਰੋ ਕਿ ਘਰ ਵਿਖੇ ਅਤੇ/ਜਾਂ ਸਕੂਲ ਵਿਖੇ ਕਿਹੜੇ ਡਾਕਟਰੀ ਇਲਾਜਾਂ ਜਾਂ ਸੇਵਾਵਾਂ ਦੀ ਲੋੜ ਹੋ ਸਕਦੀ ਹੈ
4. ਪੁੱਛੋ ਕਿ ਕਿਹੜੇ ਸਾਜੋ-ਸਾਮਾਨ ਜਾਂ ਹੋਰ ਸਹਾਇਤਾਵਾਂ ਦੀ ਘਰ ਵਿਖੇ ਜਾਂ ਸਕੂਲ ਵਿਖੇ ਲੋੜ ਹੋ ਸਕਦੀ ਹੈ
5. ਜਾਂ ਤਾਂ ਪੂਰੇ ਸਮੇਂ ਲਈ ਜਾਂ ਅੰਸ਼ਕ ਸਮੇਂ ਲਈ ਸਕੂਲ ਵਾਪਸ ਆਉਣ ਵਾਸਤੇ ਇੱਕ ਯੋਜਨਾ ਵਿਕਸਤ ਕਰੋ ਜੇ ਤੁਹਾਡੇ ਬੱਚੇ ਲਈ ਘਰੇ ਠਹਿਰਨਾ ਲਾਜ਼ਮੀ ਹੈ, ਤਾਂ ਇਸ ਵਿੱਚ ਘਰ ਵਿੱਚ ਹੀ ਪੜ੍ਹਾਈ ਵਾਸਤੇ ਇੰਤਜ਼ਾਮ ਸ਼ਾਮਲ ਹੋ ਸਕਦੇ ਹਨ
6. ਪੁੱਛੋ ਕਿ ਕੀ ਅਧਿਆਪਕ ਜਾਂ ਹੋਰ ਸਕੂਲੀ ਅਮਲੇ ਨੂੰ ਤੁਹਾਡੇ ਬੱਚੇ ਦੀਆਂ ਲੋੜਾਂ ਬਾਬਤ ਕੋਈ ਜਾਣਕਾਰੀ ਜਾਂ ਸਿਖਲਾਈ ਦੀ ਲੋੜ ਹੈ

## ਨੁਕਤਾ 6



**ਘਰ ਵਿੱਚ ਪੜ੍ਹਾਈ:**

ਘਰ ਵਿੱਚ ਪੜ੍ਹਾਈ ਉਹਨਾਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜੋ ਸਕੂਲ ਵਿਖੇ ਪੰਜੀਕਿਰਤ ਹਨ ਅਤੇ ਡਾਕਟਰੀ ਕਾਰਨਾਂ ਕਰਕੇ ਵਾਪਸ ਆਉਣ ਦੇ ਅਯੋਗ ਹਨ। ਘਰ ਵਿੱਚ ਪੜ੍ਹਾਈ ਦੀ ਪੇਸ਼ਕਸ਼ ਸਕੂਲ ਬੋਰਡ ਵੱਲੋਂ ਰੱਖੇ ਗਏ ਅਧਿਆਪਕਾਂ ਵੱਲੋਂ ਕੀਤੀ ਜਾਂਦੀ ਹੈ। ਸਕੂਲ ਵਿਦਿਆਰਥੀ ਅਤੇ/ਜਾਂ ਮਾਪਾ (ਮਾਪਿਆਂ) ਦੇ ਨਾਲ ਸਲਾਹ-ਮਸ਼ਵਰਾ ਕਰਕੇ ਘਰ ਵਿੱਚ ਪੜ੍ਹਾਈ ਵਾਸਤੇ ਵਿਸ਼ਿਆਂ ਦਾ ਫੈਸਲਾ ਕਰਦਾ ਹੈ।

1. ਘਰ ਵਿੱਚ ਪੜ੍ਹਾਈ ਵਾਸਤੇ ਇੰਤਜ਼ਾਮ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਜਾਂ ਸਕੂਲ ਬੋਰਡ ਦੇ ਅਮਲੇ ਨਾਲ ਗੱਲ ਕਰੋ
2. ਪੁੱਛੋ ਕਿ ਘਰ ਵਿੱਚ ਪੜ੍ਹਾਈ ਕਰਾਉਣ ਵਾਲਾ ਅਧਿਆਪਕ ਘਰ ਵਿੱਚ ਆਉਣਾ ਕਦੋਂ ਸ਼ੁਰੂ ਕਰੇਗਾ ਅਤੇ ਹਰੇਕ ਸ਼ੈਸ਼ਨ ਕਿੰਨਾ ਲੰਬਾ ਚੱਲੇਗਾ
3. ਵਿਚਾਰ-ਵਟਾਂਦਰਾ ਕਰੋ ਕਿ ਕਿਹੜੇ ਵਿਸ਼ਿਆਂ ਜਾਂ ਕੋਰਸਾਂ ਨੂੰ ਕਵਰ ਕੀਤਾ ਜਾਵੇਗਾ
4. ਪਤਾ ਕਰੋ ਕਿ ਜੇ ਤੁਹਾਡਾ ਬੱਚਾ ਬੀਮਾਰ ਹੋ ਜਾਂਦਾ ਹੈ ਜਾਂ ਉਪਲਬਧ ਨਹੀਂ ਹੋਵੇਗਾ ਤਾਂ ਸ਼ੈਸ਼ਨਾਂ ਨੂੰ ਮੁੜ ਤੈਅ ਕਿਵੇਂ ਕਰਨਾ ਹੈ
5. ਪਤਾ ਕਰੋ ਕਿ ਕਿੰਨ੍ਹੀ ਕੁ ਜਗਹ ਜਾਂ ਸਾਜੋ-ਸਾਮਾਨ ਦੀ ਤੁਹਾਡੇ ਬੱਚੇ ਅਤੇ ਅਧਿਆਪਕ ਨੂੰ ਲੋੜ ਹੋਵੇਗੀ

## ਨੁਕਤਾ 7



**ਘਰ ਵਿਖੇ ਮੁੜ-ਸੇਹਤਯਾਬੀ ਦੇ ਬਾਅਦ ਸਕੂਲ ਵਿੱਚ ਵਾਪਸੀ:**

ਜਦ ਤੁਹਾਡਾ ਬੱਚਾ ਸਕੂਲ ਵਾਪਸ ਆਉਣ ਲਈ ਤਿਆਰ ਹੋ ਜਾਂਦਾ ਹੈ ,ਚਾਹੇ ਅੰਸ਼ਕ ਸਮੇਂ ਦੇ ਆਧਾਰ 'ਤੇ ਹੀ ਹੋਵੇ ,ਤਾਂ ਇੱਕ ਹੋਰ ਪਰਿਵਰਤਨ ਬੈਠਕ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ। ਬੈਠਕ ਵਿੱਚ :

1. ਆਪਣੇ ਬੱਚੇ ਦੀ ਅਵਸਥਾ ਅਤੇ ਲੋੜਾਂ ਦੇ ਨਾਲ ਨਾਲ ਅਗਲੇਰੀ ਮੁੜ-ਸੇਹਤਯਾਬੀ ਦੇ ਸਮੇਂ ਅਤੇ ਉਸਦੀ ਸਰਗਰਮੀਆਂ 'ਤੇ ਮਨਾਹੀਆਂ ਜਾਂ ਸੀਮਾਵਾਂ ਬਾਰੇ ਵਿਚਾਰ-ਵਟਾਂਦਰਾ ਕਰੋ
2. ਉਹਨਾਂ ਸੇਵਾਵਾਂ ਜਾਂ ਸਾਜੋ-ਸਾਮਾਨ ਦੀ ਪਛਾਣ ਕਰੋ ਜੋ ਸਕੂਲ ਵਿਖੇ ਲੋੜੀਂਦਾ ਹੋ ਸਕਦਾ ਹੈ
3. ਸਕੂਲ ਵਿੱਚ ਵਾਪਸੀ ਵਾਸਤੇ ਇੱਕ ਯੋਜਨਾ ਵਿਕਸਤ ਕਰੋ, ਜਿਸ ਵਿੱਚ ਅਧਿਆਪਕ ਅਤੇ ਹੋਰ ਵਿਦਿਆਰਥੀਆਂ ਵਾਸਤੇ ਸਹਾਇਤਾ ਵੀ ਸ਼ਾਮਲ ਹੈ

**ਮਦਦਗਾਰੀ ਵੈੱਬਸਾਈਟਾਂ:**

- **ਬਲੂਰਵਿਊ ਸਕੂਲ ਅਥਾਰਟੀ:** www.bloorviewschool.ca
  - ਸਕੂਲ ਬਾਰੇ
  - ਸਰੋਤ ਪ੍ਰੋਗਰਾਮ
- **ਚਿਲਡਰਨਜ਼ ਹੌਸਪੀਟਲ ਆਫ ਈਸਟਰਨ ਓਨਟਾਰੀਓ:** www.cheo.on.ca
  - ਤੁਹਾਡੀ ਮੁਲਾਕਾਤ ਵਾਸਤੇ ਤਿਆਰੀ ਕਰਨਾ www.cheo.on.ca/en/yourvisit
- **ਚਿਲਡਰਨਜ਼ ਹੌਸਪੀਟਲ ਲੰਡਨ ਹੈਲਥ ਸਾਇੰਸਿਜ਼ ਸੈਂਟਰ:** www.lhsc.on.ca
  - ਨਵੇਂ ਮਰੀਜ਼ www.lhsc.on.ca/Patients_Families_Visitors/Childrens_Hospital/New_Patients/index.htm
- **ਹਾਲੈਂਡ ਬਲੂਰਵਿਊ ਕਿਡਜ਼ ਰੀਹੈਬਿਲੀਟੇਸ਼ਨ ਹੌਸਪੀਟਲ:** www.hollandbloorview.ca
  - ਹਸਪਤਾਲ ਵਿੱਚ ਭਰਤੀ ਹੋਣਾ ਛੋਟੇ ਬੱਚਿਆਂ ਅਤੇ ਪਰਿਵਾਰਾਂ ਲਈ ਮੁਸ਼ਕਿਲ ਹੁੰਦਾ ਹੈ
- **ਬਿਮਾਰ ਬੱਚਿਆਂ ਲਈ ਹਸਪਤਾਲ:** www.sickkids.ca
  - ਵਿਜ਼ੀਟਿੰਗ ਸਿੱਕ ਕਿਡਜ਼ ਫੈਮਿਲੀ ਗਾਈਡਬੁੱਕ www.sickkids.ca/VisitingSickKids/Family-Guidebooks.html
  - ਸਰਜਰੀ ਵਾਸਤੇ ਆਉਣਾ www.sickkids.ca/VisitingSickKids/Coming-for-surgery/index.html
- **ਨਿਆਗਰਾ ਚਿਲਡਰਨਜ਼ ਸੈਂਟਰ ਸਕੂਲ:** www.niagarachildrenscentre.com/school
  - ਪ੍ਰੋਗਰਾਮ www.niagarachildrenscentre.com/school/programs